Ontario Energy Board
Commission de l'énergie de l'Ontario

TAKE CHARGE

# ਟਾਈਮ-ਆਫ਼-ਯੂਜ ਬਿਜਲੀ ਕੀਮਤਾਂ

ਓਂਟਾਰਿਓ ਵਿੱਚ ਪਰਿਵਾਰਕ ਅਤੇ ਛੋਟੀਆਂ ਵਪਾਰਕ ਇਕਾਈਆਂ ਬਿਜਲੀ ਦੀਆਂ ਟਾਈਮ-ਆਫ਼-ਯੂਜ ਕੀਮਤਾਂ ਅਦਾ ਕਰਦੀਆਂ ਹਨ। ਟਾਈਮ-ਆਫ਼-ਯੂਜ ਕੀਮਤਾਂ ਦਿਨ ਦੇ ਸਮੇਂ ਅਤੇ ਹਫਤੇ ਦੇ ਦਿਨ ਦੇ ਮੁਤਾਬਕ ਬਦਲ ਜਾਂਦੀਆਂ ਹਨ। ਵੱਧ ਵਰਤੋਂ ਦੀ ਮਿਆਦ ਵੀ ਮੌਸਮ ਦੇ ਅਨੁਸਾਰ ਬਦਲਦੀ ਹੈ।

## ਇਹ ਕਿਵੇਂ ਕੰਮ ਕਰਦਾ ਹੈ

### ਇਹ ਤੁਹਾਡੇ ਸਮਾਰਟ ਮੀਟਰ ਨਾਲ ਸ਼ੁਰੂ ਹੁੰਦਾ ਹੈ

ਟਾਈਮ-ਆਫ਼-ਯੂਜ ਕੀਮਤ ਤੁਹਾਡੇ ਸਮਾਰਟ ਮੀਟਰ ਨਾਲ ਸ਼ੁਰੂ ਹੁੰਦੀ ਹੈ, ਜੋ ਤੁਹਾਡੀ ਬਿਜਲੀ ਯੂਟੀਲਿਟੀ ਨੂੰ ਦੱਸਦੀ ਹੈ ਕਿ ਤੁਸੀਂ ਠੀਕ ਠੀਕ ਕਿੰਨੀ ਪਾਵਰ ਦੀ ਵਰਤੋਂ ਕਰਦੇ ਹੋ ਅਤੇ ਤੁਸੀਂ ਕਦੋਂ ਇਸਦੀ ਵਰਤੋਂ ਕਰਦੇ ਹੋ।

ਯੂਟੀਲਿਟੀ ਉਸ ਜਾਣਕਾਰੀ ਦੀ ਵਰਤੋਂ ਤੁਹਾਡੇ ਤੋਂ ਕਿਸੇ ਵੀ ਦਿੱਤੇ ਗਏ ਸਮੇਂ ਤੇ ਤੁਹਾਡੇ ਵੱਲੋਂ ਵਰਤੋਂ ਕੀਤੀ ਗਈ ਬਿਜਲੀ ਦੀ ਠੀਕ ਮਾਤਰਾ ਦੀ ਕੀਮਤ ਲੈਣ ਲਈ ਕਰਦੀ ਹੈ। ਤੁਹਾਡੀ ਬਿਜਲੀ ਦੀ ਵਰਤੋਂ ਤਿੰਨ ਸ਼੍ਰੇਣੀਆਂ ਵਿੱਚੋਂ ਇੱਕ ਵਿੱਚ ਆਏਗੀ।

**ਘੱਟ ਵਰਤੋਂ ਵਾਲੇ (ਸਸਤੇ) (ਆਫ ਪੀਕ)..........................................$**
ਸ਼ਾਮ ਨੂੰ, ਵੀਕਐਂਡ ਅਤੇ ਛੁੱਟੀਆਂ

**ਵਿਚਲੇ (ਮਿਡ ਪੀਕ)........................................$$**
ਦਿਨ ਦੇ ਸਮੇਂ, ਪਰੰਤੂ ਦਿਨ ਦੀ ਸਭ ਤੋਂ ਵੱਧ ਵਰਤੋਂ ਦਾ ਸਮਾਂ ਨਹੀਂ

**ਸਭ ਤੋਂ ਵੱਧ ਵਰਤੋਂ ਵਾਲੇ (ਮਹਿੰਗੇ) (ਔਨ ਪੀਕ)........................................$$$**
ਦਿਨ ਦੇ ਸਮੇਂ ਵੱਧ ਮੰਗ ਵਾਲਾ ਸਮਾਂ

### ਵੱਖ-ਵੱਖ ਕੀਮਤਾਂ ਦੇ ਕਾਰਨ

ਜਦੋਂ ਮੰਗ ਘੱਟ ਹੁੰਦੀ ਹੈ: ਕਾਫੀ ਘੱਟ ਲੋਕ ਬਿਜਲੀ ਦੀ ਵਰਤੋਂ ਕਰਦੇ ਹਨ ਅਤੇ ਖਪਤਕਾਰਾਂ ਨੂੰ ਘੱਟ ਕੀਮਤ ਅਦਾ ਕਰਨੀ ਪੈਂਦੀ ਹੈ। ਇਹ ਇਸ ਲਈ ਕਿ ਤੁਹਾਡੇ ਵਾਸਤੇ ਕਾਫੀ ਬਿਜਲੀ ਘੱਟ ਲਾਗਤ ਵਾਲੇ ਸ੍ਰੋਤਾਂ ਜਿਵੇਂ ਨਿਊਕਲੀਅਰ ਅਤੇ ਵੱਡੇ ਹਾਈਡ੍ਰੋਇਲੈਕਟ੍ਰਿਕ ਤੋਂ ਆਉਂਦੀ ਹੈ।

ਜਦੋਂ ਮੰਗ ਵੱਧਦੀ ਹੈ: ਜਿਓਂ ਹੀ ਕਾਰਜ ਦਿਨ ਸ਼ੁਰੂ ਹੁੰਦਾ ਹੈ, ਵੱਧ ਲੋਕ ਅਤੇ ਵਪਾਰਕ ਇਕਾਈਆਂ ਆਪਣੀਆਂ ਲਾਈਟਾਂ, ਬਿਜਲੀ ਦੇ ਸਾਧਨ ਅਤੇ ਉਪਕਰਨ ਚਾਲੂ ਕਰਦੇ ਹਨ। ਪ੍ਰਾਂਤ ਦੀ ਸਸਤੀ ਬਿਜਲੀ ਦੀ ਸਪਲਾਈ ਦੀ ਵਰਤੋਂ ਹੋ ਜਾਂਦੀ ਹੈ। ਇਹ ਵੱਧ ਮਹਿੰਗੇ ਸ੍ਰੋਤਾਂ ਵਿੱਚ ਬਦਲ ਜਾਂਦਾ ਹੈ।

**ਦੋ ਵੱਧ ਵਰਤੋਂ ਵਾਲੇ ਸਮੇਂ**

ਗਰਮੀਆਂ ਵਿੱਚ, ਬਿਜਲੀ ਦੀ ਵਰਤੋਂ ਦੁਪਹਿਰ ਦੇ ਸਭ ਤੋਂ ਵੱਧ ਗਰਮ ਸਮੇਂ ਵਿੱਚ ਵਧ ਜਾਂਦੀ ਹੈ, ਜਦੋਂ ਏਅਰ ਕੰਡੀਸ਼ਨਰ ਤੇਜ਼ ਚੱਲ ਰਹੇ ਹੁੰਦੇ ਹਨ।

ਸਰਦੀਆਂ ਵਿੱਚ, ਦਿਨ ਦਾ ਘੱਟ ਚਾਨਣ ਮਤਲਬ ਬਿਜਲੀ ਦੀ ਵਰਤੋਂ ਦੁਗਣੀ ਵਧ ਜਾਂਦੀ ਹੈ: ਇੱਕ ਸਵੇਰ ਵੇਲੇ ਜਦੋਂ ਲੋਕੀਂ ਜਾਗਦੇ ਹਨ ਅਤੇ ਆਪਣੀਆਂ ਲਾਈਟਾਂ ਅਤੇ ਬਿਜਲੀ ਦੇ ਉਪਕਰਨ ਚਾਲੂ ਕਰਦੇ ਹਨ, ਫਿਰ ਦੁਬਾਰਾ ਜਦੋਂ ਲੋਕੀਂ ਕੰਮ ਤੋਂ ਘਰ ਆਉਂਦੇ ਹਨ।

**ਕੀ ਤੁਹਾਡੇ ਕੋਲ ਕੋਈ ਪਰਚੂਨ ਇਕਰਾਰਨਾਮਾ ਹੈ?**

ਜੇਕਰ ਤੁਸੀਂ ਬਿਜਲੀ ਪਰਚੂਨ ਵਿਕਰੇਤਾ ਨਾਲ ਕਿਸੇ ਇਕਰਾਰਨਾਮੇ ਤੇ ਹਸਤਾਖਰ ਕੀਤੇ ਹਨ ਤਾਂ ਤੁਸੀਂ ਇਕਰਾਰਨਾਮੇ ਵਿੱਚ ਮਿਥਵੀਂ ਕੀਮਤ ਦਾ ਭੁਗਤਾਨ ਕਰਦੇ ਹੋ (OEB ਵੱਲੋਂ ਨਿਰਧਾਰਿਤ ਟਾਈਮ-ਆਫ਼-ਯੂਜ ਜਾਂ ਪਰਤਦਾਰ (ਟੀਅਰਡ) ਕੀਮਤਾਂ ਨਹੀਂ)। ਇਸਦੇ ਇਲਾਵਾ, ਤੁਹਾਡਾ ਬਿਲ ਵੱਖ ਦਿਖਾਈ ਦੇਵੇਗਾ – ਪਰਚੂਨ ਇਕਰਾਰਨਾਮਿਆਂ ਬਾਰੇ ਵਧੇਰੇ ਜਾਣਕਾਰੀ ਲਈ OEB ਦੀ ਵੈਬਸਾਈਟ ਦੇਖੋ।



## ਬਿਜਲੀ ਦੀ ਵਰਤੋਂ ਨੂੰ ਨਿਯੰਤ੍ਰਿਤ ਕਰਨ ਲਈ ਤੁਸੀਂ ਕੀ ਕਰ ਸਕਦੇ ਹੋ

ਬਿਜਲੀ ਨੂੰ ਬਚਾਉਣ ਦੀ ਕੋਸ਼ਿਸ਼ ਕਰੋ ਅਤੇ ਕੁਝ ਵਰਤੋਂ ਨੂੰ ਵੀਕਐਂਡਾਂ ਅਤੇ ਹਫਤੇ ਦੇ ਘੱਟ ਵਰਤੋਂ ਵਾਲੇ ਸਮੇਂ ਵਿੱਚ ਤਬਦੀਲ ਕਰੋ...

| |
|---|
| ਇੱਕ ਪ੍ਰੋਗਰਾਮ ਕੀਤੇ ਜਾ ਸਕਣ ਵਾਲਾ ਥਰਮੋਸਟੈਟ (PROGRAMMABLE THERMOSTAT) ਲਗਾਓ। ਜਦੋਂ ਤੁਸੀਂ ਘਰ ਵਿੱਚ ਨਾ ਹੋਵੋ ਜਾਂ ਸੌਣ ਵੇਲੇ ਐਨਰਜੀ ਦੀ ਵਰਤੋਂ ਨੂੰ ਘੱਟ ਕਰਨ ਲਈ ਇਸਨੂੰ ਸੈਟ ਕਰੋ। |
| ਇੱਕ ਆਮ ਘਰ ਨੂੰ ਗਰਮ ਕਰਨ ਅਤੇ ਠੰਡਾ ਕਰਨ ਵਾਸਤੇ ਐਨਰਜੀ ਦੀ ਲਗਭਗ 60% ਕੀਮਤ ਖਰਚ ਹੁੰਦੀ ਹੈ। |
| ਆਮ ਲਾਈਟਾਂ ਦੀ ਬਜਾਇ LED ਸੀਜਨਲ ਲਾਈਟਾਂ ਵਰਤੋ। |
| ਕਿਸੇ ਵੀ ਪ੍ਰਕਾਰ ਦੇ ਡ੍ਰਾਫਟਸ ਅਤੇ ਛੇਕਾਂ ਨੂੰ ਬੰਦ ਕਰੋ ਜਿਹਨਾਂ ਨਾਲ ਸਰਦੀਆਂ ਵਿੱਚ ਤਪਸ਼ ਬਾਹਰ ਜਾਂਦੀ ਹੈ ਜਾਂ, ਗਰਮੀਆਂ ਵਿੱਚ ਹੁੰਮਸ ਵਾਲੀ ਹਵਾ ਅੰਦਰ ਆਉਂਦੀ ਹੈ। ਗਰਮੀਆਂ ਵਿੱਚ, ਦੁਪਹਿਰ ਦੀ ਧੁੱਪ ਨੂੰ ਅੰਦਰ ਆਉਣ ਤੋਂ ਰੋਕਣ ਲਈ ਖਿੜਕੀਆਂ ਅਤੇ ਪਰਦਿਆਂ ਨੂੰ ਬੰਦ ਰੱਖੋ। |
| ਆਪਣੇ ਕੱਪੜੇ ਠੰਡੇ ਪਾਣੀ ਵਿੱਚ ਧੋਵੋ। |
| ਜੇਕਰ ਤੁਸੀਂ ਏਅਰ ਕੰਡੀਸ਼ਨਰ ਦੀ ਵਰਤੋਂ ਕਰਦੇ ਹੋ, ਤਾਂ ਇਸਨੂੰ 26 C ਜਾਂ ਵੱਧ ਤੇ ਸੈਟ ਕਰੋ। ਥਰਮੋਸਟੇਟ ਨੂੰ 1 C ਵਧਾਉਣ ਨਾਲ ਤੁਹਾਡਾ ਬਿਜਲੀ ਦਾ ਬਿਲ 5% ਤੱਕ ਘਟ ਜਾਂਦਾ ਹੈ। ਫਿਰ ਵੀ, ਬਿਹਤਰ ਹੈ ਇਸਦੀ ਬਜਾਇ ਪੱਖੇ ਚਲਾਓ। |
| ਜਦੋਂ ਤੱਕ ਤੁਸੀਂ ਪਲਗ ਨਹੀਂ ਕੱਢਦੇ ਉਦੋਂ ਤੱਕ ਕਈ ਬਿਜਲੀ ਦੇ ਉਪਕਰਨ ਪੂਰੀ ਤਰ੍ਹਾਂ ਬੰਦ ਨਹੀਂ ਹੁੰਦੇ। ਕਿਉਂਕਿ ਹਰੇਕ 4 ਅਤੇ 10 ਵਾਟ ਦੇ ਵਿਚਕਾਰ "ਫੈਂਟਮ ਪਾਵਰ" ਵਰਤੋਂ ਕਰ ਸਕਦਾ ਹੈ ਇਸਲਈ ਉਹਨਾਂ ਨੂੰ ਕਿਸੇ ਅਜਿਹੇ ਪਾਵਰ ਬਾਰ ਵਿੱਚ ਪਲਗ ਕਰੋ ਜੋ ਤੁਸੀਂ ਬੰਦ ਕਰ ਸਕਦੇ ਹੋ। |
| ਬਿਜਲੀ ਬਚਾਉਣ ਵਾਲੇ ਸਮਾਨ (ENERGY-EFFICIENT PRODUCTS) ਚੁਣੋ ਜਿਵੇਂ ਐਨਰਜੀ ਸਟਾਰ® (ENERGY STAR®) ਉਪਕਰਨ। |

ਹੋਰ ਜਾਣਕਾਰੀ ਪ੍ਰਾਪਤ ਕਰੋ:

- 10 ਸਮਾਰਟ ਮੀਟਰ ਲੇਨ: www.ieso.ca/house
- ਸੇਵ ਓਨ ਐਨਰਜੀ: www.saveonenergy.ca
- ਮਨਿਸਟਰੀ ਆਫ ਐਨਰਜੀ: www.ontario.ca/energy

## ਓਂਟਾਰਿਓ ਐਨਰਜੀ ਬੋਰਡ ਜਾਣਕਾਰ ਖਪਤਕਾਰ ਬਣਨ ਵਿੱਚ ਤੁਹਾਡੀ ਮਦਦ ਕਰ ਸਕਦਾ ਹੈ

ਵਿਸ਼ਿਆਂ ਦੀ ਸ਼੍ਰੇਣੀ ਤੇ ਜਾਣਕਾਰੀ ਲਈ ਇਸ ਵੈਬਸਾਈਟ ਤੇ ਜਾਓ:
www.ontarioenergyboard.ca/OEB/Consumers

ਸਾਡੇ ਖਪਤਕਾਰ ਸੇਵਾ ਕੇਂਦਰ (CONSUMER RELATIONS CENTRE) ਨੂੰ ਸੰਪਰਕ ਕਰੋ।
(ਇਹ ਸੋਮਵਾਰ ਤੋਂ ਸ਼ੁੱਕਰਵਾਰ ਤੱਕ, ਸਵੇਰ 8:30 ਤੋਂ ਸ਼ਾਮ 5 ਵਜੇ ਤੱਕ ਖੁਲ੍ਹਾ ਰਹਿੰਦਾ ਹੈ)
1-877-632-2727 (ਓਂਟਾਰਿਓ ਦੇ ਅੰਦਰ ਮੁਫਤ)
416-314-2455 (ਗ੍ਰੇਟਰ ਟੋਰੋਂਟੋ ਏਰੀਆ ਦੇ ਅੰਦਰ ਜਾਂ ਕੈਨੇਡਾ ਦੇ ਬਾਹਰ ਤੋਂ)
consumerrelations@ontarioenergyboard.ca

ਸਾਨੂੰ ਫਾਲੋ ਕਰੋ: @OntEnergyBoard

ਓਂਟਾਰਿਓ ਐਨਰਜੀ ਬੋਰਡ ਇੱਕ ਸੁਤੰਤਰ ਅਤੇ ਨਿਰਪੱਖ ਜਨਤਕ ਏਜੰਸੀ ਹੈ। ਅਸੀਂ ਅਜਿਹੇ ਨਿਰਣੈ ਲੈਂਦੇ ਹਾਂ ਜੋ ਜਨਹਿਤ ਲਈ ਲਾਭਕਾਰੀ ਹੁੰਦੇ ਹਨ। ਸਾਡਾ ਟੀਚਾ ਇੱਕ ਅਜਿਹੇ ਵਿੱਤੀ ਤੌਰ ਉੱਤੇ ਵਿਹਾਰਕ ਅਤੇ ਸਮਰੱਥ ਬਿਜਲੀ ਸੈਕਟਰ ਨੂੰ ਉੱਨਤ ਕਰਨਾ ਹੈ ਜੋ ਤੁਹਾਨੂੰ ਇੱਕ ਉਚਿਤ ਕੀਮਤ ਤੇ ਵਿਸ਼ਵਾਸ਼ਯੋਗ ਬਿਜਲੀ ਸੇਵਾਵਾਂ ਪ੍ਰਦਾਨ ਕਰੇ।

*Aussi disponible en français. ਇਹ ਸਮੱਗਰੀ ਦੂਜੀਆਂ ਭਾਸ਼ਾਵਾਂ ਵਿੱਚ ਵੀ ਉਪਲਬਧ ਹੈ। ਸਾਡੀ ਵੈਬਸਾਈਟ ਤੇ ਜਾਓ ਜਾਂ ਸਾਡੇ ਖਪਤਕਾਰ ਸੇਵਾ ਕੇਂਦਰ ਨੂੰ ਸੰਪਰਕ ਕਰੋ।*